# ਹੱਡਬੀਤੀਆਂ ਤੇ ਜੱਗਬੀਤੀਆਂ ਦਾ ਨਾਟਕਕਾਰ ਗੁਰਸ਼ਰਨ ਸਿੰਘ

*ਲਕਸ਼ਮੀ ਨਾਰਾਇਣ ਭੀਖੀ*

ਜੇਕਰ ਉੱਚਤਮ ਸਾਹਿਤ ਦਾ ਮਨੋਰਥ, ਸਮਾਜਿਕ ਯਥਾਰਥ ਅਤੇ ਇਸਦੇ ਸਮੁੱਚੇ ਵਰਤਾਰਿਆ ਨੂੰ ਪੇਸ਼ ਕਰਨਾ ਹੈ ਤਾਂ ਫਿਰ ਕੋਮਲ ਕਲਾਵਾਂ ਦਾ ਮੰਤਵ ਤੇ ਉਦੇਸ਼, ਮਨੁੱਖੀ ਵੇਦਨਾ, ਸੰਵੇਦਨਾ ਅਤੇ ਮਨੋ ਦਿਸ਼ਾ ਨੂੰ ਚਿਤਰਮਾਨ ਕਰਨਾ ਹੈ। ਕੋਮਲ ਕਲਾ ਤਾਂ ਜਜ਼ਬਿਆਂ ਦੀ ਪੇਸ਼ਕਾਰੀ ਅਤੇ ਮਨ ਦੀ ਤ੍ਰਿਪਤੀ ਦਾ ਰੂਹਾਨੀ ਬੂਟਾ ਹੈ। ਅਜੋਕਾ ਸਾਹਿਤ ਅਤੇ ਨਾਟਕ ਕਲਾ ਦਾ ਮੰਤਵ, ਵਿਸ਼ਵ ਵਿਆਪੀ ਗਿਆਨ, ਵਿਗਿਆਨ ਹੈ ਸਮਝਣਾ ਅਤੇ ਮਨੁੱਖੀ ਮਨੋਵਿਗਿਆਨ ਨੂੰ ਪੇਸ਼ ਕਰਨਾ ਵੀ ਹੈ। ਜੋਸਿਫ ਸਟਾਲਿਨ ਦੇ ਕਥਲ ਮੁਤਾਬਿਕ "ਕਲਾਕਾਰ ਆਤਮਾ ਦਾ ਇੰਜਨੀਅਰ ਹੈ।" ਜਦੋਂ ਕੋਈ ਸਾਹਿਤਕਾਰ ਜਾਂ ਕਲਾਕਾਰ ਹੱਡਬੀਤੀਆਂ ਤਾਂ ਪੇਸ਼ ਕਰਦਾ ਹੋਵੇ ਤੇ ਜੱਗਬੀਤੀਆਂ ਲਕੋਂਦਾ ਹੋਵੇ, ਤਾਂ ਅਸੀਂ ਉਸ ਰਚਨਾ ਨੂੰ ਸੰਪੂਰਣ ਕਲਾਕਿਰਤ ਨਹੀਂ ਕਹਾਂਗੇ। ਜਦੋਂ ਜੱਗਬੀਤੀਆਂ ਸਾਡੀਆਂ ਹੱਡਬੀਤੀਆਂ ਬਣ ਜਾਣ, ਤੇ ਹੱਡਬੀਤੀਆਂ ਜੱਗਬੀਤੀਆਂ ਦਾ ਅਹਿਮ ਅੰਗ ਹੋ ਜਾਣ ਤਾਂ ਉਹ ਕਲਾ ਕਿਰਤ ਮਨੁੱਖ ਦੀ ਬਣ ਜਾਂਦੀ ਹੈ। ਤਾਂ ਉਸ ਕਲਾ ਕਿਰਤ ਦਾ ਜਲ ਦੇ ਮਨ ਵਿਚ ਵੇਸਵਾ ਹੋ ਜਾਂਦਾ ਹੈ। ਬਦਲਦੀਆਂ ਵਿਸ਼ਵ ਵਿਆਪੀ ਪ੍ਰਸਥਿਤੀਆਂ ਅਤੇ ਮਨੁੱਖੀ ਮਾਨਸਿਕਤਾ ਦੀਆਂ ਪਰਤਾਂ ਨੂੰ ਕੋਈ ਉੱਚਤਮ ਕਲਾ, ਸਾਹਿਤ, ਵਿਗਿਆਨੀ ਹੀ ਪੇਸ਼ ਕਰ ਸਕਦਾ ਹੈ। ਜਦੋਂ ਅਸੀਂ ਸਾਹਿਤ, ਕਲਾ ਅਤੇ ਨਾਟਕ ਦੇ ਖੇਤਰ ਵਿਚ ਝਾਤ ਮਾਰਦੇ ਹਾਂ, ਤਾਂ ਇਥੇ ਲੋਕ ਮਨਾਂ ਨੂੰ ਚਿਤਰਦਾ ਕਾਫ਼ਲਾ ਮਿਲੇਗਾ। ਪੰਜਾਬੀ ਨਾਟਕ ਦੇ ਖੇਤਰ ਵਿਚ ਗੁਰਸ਼ਰਨ ਸਿੰਘ ਦੀ ਮਹੱਤਵਪੂਰਨ ਦੇਣ ਸਾਡੇ ਅੰਗ ਸੰਗ ਹੈ। ਜੇਕਰ ਗੁਰਸ਼ਰਨ ਸਿੰਘ ਨੂੰ ਹੱਡਬੀਤੀਆਂ ਅਤੇ ਜੱਗਬੀਤੀਆਂ ਦਾ ਨਾਟਕਕਾਰ ਆਖ ਦੇਈਏ ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ।

ਗੁਰਸ਼ਰਨ ਸਿੰਘ ਦੀ ਵਿਲੱਖਣਤਾ ਇਹ ਹੈ ਕਿ ਉਸਨੇ ਗਰੀਬ ਮਜ਼ਦੂਰ ਸ਼੍ਰੇਣੀ ਲਈ ਆਪਣੇ ਨਾਟਕ ਲਿਖੇ। ਕਿਉਂਕਿ ਬਹੁਤ ਸਮਾਂ ਸਾਹਿਤ ਸੰਗੀਤ ਅਤੇ ਕਲਾ ਸ਼ਾਹੀ ਦਰਬਾਰਾਂ ਅਤੇ ਰਾਜੇ, ਮਹਾਰਾਜਿਆਂ ਦੀ ਗ੍ਰਿਫਤ ਵਿਚ ਰਹੀ, ਅਤੇ ਮਹਾਂਨਗਰਾਂ ਤੇ ਸ਼ਹਿਰਾਂ ਤਕ ਸੀਮਤ ਹੋ ਕੇ ਰਹਿ ਗਈ। 80 ਲੋਕ ਸਾਹਿਤ ਸੰਗੀਤ, ਕਲਾਵਾਂ ਤੋਂ ਅਣਭਿੱਜ ਹੀ ਰਹੇ। ਸਰਕਾਰੀ, ਗ਼ੈਰ ਸਰਕਾਰੀ ਵੀ ਘੱਟ ਹੋਏ। ਪਰ ਗੁਰਸ਼ਰਨ ਸਿੰਘ ਨੇ ਇਸ ਖੜੋਤ ਨੂੰ ਤੋੜਿਆ ਤੇ ਨਾਟਕਾਂ ਨੂੰ ਪਿੰਡਾਂ ਤਕ ਲੈ ਗਿਆ।

ਗੁਰਸ਼ਰਨ ਸਿੰਘ ਪੰਜਾਬੀ ਨਾਟਕ ਦਾ ਥਰਮਲ ਪਲਾਟ ਹੈ, ਜਿਸਨੇ ਆਪਣੇ ਨਾਟਕਾਂ

ਦੀ ਰੋਸ਼ਨੀ ਪਿੰਡ ਪਿੰਡ ਬਖੇਰੀ, ਘਰ-ਘਰ ਚਾਨਣ ਜਗਮੱਗਾਇਆ ਅਤੇ ਨਾਟਕਕਾਰ ਅਤੇ ਰੰਗ ਕਰਮੀਆਂ ਦਾ ਕਾਫ਼ਲਾ ਹੋਂਦ ਵਿਚ ਲਿਆਂਦਾ। ਜਦੋਂ ਪੰਜਾਬ ਸਰਕਾਰ ਪਿੰਡ ਪਿੰਡ ਵਿਚ ਬਿਜਲੀ ਲਾਉਣੀ, ਖੰਭੇ ਲਾਉਣੇ, ਲਾਟੂ ਜਗਾਉਣ ਦੀ ਸੋਚ ਰਹੀ ਸੀ, ਉਸ ਸਮੇਂ ਗੁਰਸ਼ਰਨ ਸਿੰਘ ਦਾ ਮੰਤਵ ਕਲਾ ਅਤੇ ਸਾਹਿਤ ਰਚਨਾ ਦੀ ਰੋਸ਼ਨੀ ਨੂੰ ਲੋਕਾਂ ਤਕ ਲੈ ਕੇ ਜਾਣਾ ਸੀ।

ਸਾਹਿਤ ਅਤੇ ਨਾਟਕ ਖੇਤਰ ਵਿਚ ਬਹੁਤ ਲੋਕਾਂ ਨੇ ਫਰਾਇਡਵਾਦ ਦਾ ਪ੍ਰਭਾਵ ਕਬੂਲਿਆਂ ਅਤੇ ਅਧੂਰੀਆਂ ਕਾਮੁਕ ਅਤ੍ਰਿਪਤੀਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ। ਪਰ ਇਸ ਦੇ ਮੁਕਾਬਲੇ ਗੁਰਸ਼ਰਨ ਸਿੰਘ ਨੇ ਪੇਟ ਦੀ ਭੁੱਖ ਨੂੰ ਆਧਾਰ ਬਣਾ ਕੇ ਨਾਟਕ ਪੇਸ਼ ਕੀਤਾ। ਪੰਜਾਬੀ ਸਾਹਿਤ, ਸੰਗੀਤ ਅਤੇ ਨਾਟਕਕਲਾ ਦੇ ਖੇਤਰ ਵਿਚ ਜਿਥੇ ਬਹੁਤੇ ਕਲਾਕਾਰਾਂ ਤੇ ਸਾਹਿਤਕਾਰਾਂ ਨੇ ਹੀਰ-ਰਾਂਝਾ, ਮਿਰਜਾ-ਸਾਹਿਬਾਂ, ਸੱਸੀ-ਪੁਨੂੰ, ਸੋਹਣੀ-ਮਾਂਹੀਵਾਲ, ਪੂਰਨ ਭਗਤ, ਸ਼ੀਰੀਂ-ਫਰਿਆਦ, ਲੈਲਾ-ਮਜਨੂੰ, ਮਲਕੀ-ਕੀਮਾ, ਇੰਦਰ ਬੇਗੋ ਨੂੰ ਆਪਣੀਆਂ ਰਚਨਾਵਾਂ ਵਿਚ ਨਾਇਕ ਬਣਾਇਆ ਉਥੇ ਗੁਰਸ਼ਰਨ ਸਿੰਘ ਨੇ ਸਿੱਖ ਗੁਰੂਆਂ, ਬੰਦਾ ਬਹਾਦਰ, ਨਕਸਲਵਾੜੀ ਯੋਧੇ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਦੁੱਲਾ ਭੱਟੀ ਅਤੇ ਲੋਕ ਸੰਘਰਸ਼ ਦੇ ਆਗੂਆਂ ਨੂੰ ਨਾਇਕ ਬਣਾਇਆ। ਗੁਰਸ਼ਰਨ ਸਿੰਘ ਦੀ ਨਾਟਕ ਕਲਾ ਨੇ ਅੰਤਰ-ਰਾਜੀ ਤੇ ਅੰਤਰ ਰਾਸ਼ਟਰੀ ਪੱਧਰ ਤਕ ਫੈਲਾਅ ਕੀਤਾ ਹੈ। ਅੱਜ ਤਕ ਉਨ੍ਹਾਂ ਪੰਜਾਬ ਦੇ ਪਿੰਡਾਂ ਦੇ ਨਾਲ-ਨਾਲ ਦੇਸ਼ ਵਿਦੇਸ਼ ਦੇ ਜ਼ਿਲ੍ਹਿਆਂ ਵਿਚ 7654 ਸਟੇਜਾਂ ਤੇ ਨਾਟਕ ਪੇਸ਼ ਕੀਤੇ ਹਨ। ਗੱਡੇ ਦੇ ਜੂਲਿਆਂ ਤੇ ਖੜਕੇ ਭਾਸ਼ਣ ਦੇਣਾ ਤੇ ਗੱਡਾ ਹੀ ਸਟੇਜ ਬਣਾਉਣਾ, ਅਜਿਹਾ ਕੁਝ ਗੁਰਸ਼ਰਨ ਸਿੰਘ ਹੀ ਕਰ ਸਕਦਾ ਹੈ। ਗੁਰਸ਼ਰਨ ਸਿੰਘ ਆਪਣੇ ਰੰਗਮੰਚ ਨੂੰ ਲੋਕਾਂ ਤਕ ਲੈ ਗਿਆ। ਲੋਕਾਂ ਵਿਚ ਨਾਟਕੀ ਚੇਤਨਾ, ਸਾਹਿਤਕ ਚੇਤਨਾ ਅਤੇ ਸਮਾਜਿਕ ਚੇਤਨਾ ਦੀ ਰੂਹ ਨੂੰ ਗੁਰਸ਼ਰਨ ਸਿੰਘ ਵੰਗਾਰ ਵੀ ਸਕਦਾ ਹੈ ਤੇ ਲਲਕਾਰ ਵੀ ਸਕਦਾ ਹੈ। ਉਸਦੇ ਨਾਟਕ ਸਮਾਜਿਕ ਬਰਾਬਰਤਾ ਜ਼ਮਹੂਰੀਅਤ ਅਤੇ ਨਿਆਂ ਦੀ ਤਰਜਮਾਨੀ ਕਰਦੇ ਹਨ। ਲੋਕ ਚੇਤਨਾ ਰਾਹੀਂ ਸਮਾਜਿਕ ਇਨਸਾਫ਼ ਦੀ ਮੰਗ ਕਰਨਾ ਉਸਦੇ ਨਾਟਕਾਂ ਦੀ ਕਰਮਸ਼ੀਲਤਾ ਹੈ। ਪ੍ਰਗਤੀਵਾਦ, ਯਥਾਰਥਵਾਦ ਤੇ ਮਾਰਕਸਵਾਦੀ ਫ਼ਲਸਫ਼ਾ ਉਸਦੇ ਨਾਟਕਾਂ ਦੀ ਆਧਾਰਸ਼ਿਲਾ ਹੈ ਅਤੇ ਲੋਕਾਈ ਉਸਦਾ ਸੋਮਾ ਹੈ।

ਗੁਰਸ਼ਰਨ ਸਿੰਘ ਦੇ ਨਾਟਕ ਬਾਜ਼ਾਰੂ ਤੇ ਵਪਾਰੂ ਨਹੀਂ ਹੁੰਦੇ। ਉਹ ਲੋਕਾਂ ਵਿਚ ਜਾ ਕੇ ਲੋਕਾਂ ਲਈ ਨਾਟਕ ਕਰਨਾ ਪਸੰਦ ਕਰਦੇ ਹਨ। ਮਹਿੰਗੇ ਖਰਚੇ, ਹੈਵੀ ਮੇਕਅੱਪ, ਲਾਈਟ ਐਂਡ ਸਾਉਂਡ ਸਿਸਟਮ, ਸਜੇ ਸਜਾਏ ਰੰਗਮੰਚਾਂ ਨੂੰ ਗੁਰਸ਼ਰਨ ਸਿੰਘ ਇਸ ਲਈ ਤਰਜ਼ੀਹ ਨਹੀਂ ਦਿੰਦਾ ਕਿਉਂਕਿ ਅਜੇ ਲੋਕਾਂ ਵਿਚ ਅਜਿਹੇ ਖਰਚੇ ਝੱਲਣ ਦੀ ਸਮਰੱਥਾ ਨਹੀਂ ਹੈ। ਗੁਰਸ਼ਰਨ ਸਿੰਘ ਇਕ ਸੰਸਥਾ ਹੈ। ਜਿਸਨੇ ਸਰਕਾਰੀ ਸੰਸਥਾਵਾਂ ਨਾਲ ਟੱਕਰ ਲਈ। ਰੇਡੀਓ, ਦੂਰਦਰਸ਼ਨ, ਭਾਸ਼ਾ ਵਿਭਾਗ, ਨੌਰਥ ਜੋਨ ਕਲਚਰਲ ਸੈਂਟਰ, ਯੂਨੀਵਰਸਿਟੀਆਂ, ਸਾਹਿਤ ਅਕਾਦਮੀ, ਸੰਗੀਤ ਲਾਟਕ ਅਕਾਦਮੀ ਆਦਿ ਖੇਤਰਾਂ ਵਿਚ ਜੋ ਕਲਾਕਾਰਾਂ ਨਾਟਕਕਾਰਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ, ਗੁਰਸ਼ਰਨ ਸਿੰਘ

ਨੇ ਇਸ ਨਿਕਾਸ ਪ੍ਰਬੰਧ ਦੇ ਖਿਲਾਫ਼ ਲੜਾਈ ਕੀਤੀ।

ਗੁਰਸ਼ਰਨ ਸਿੰਘ ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਇਨਕਲਾਬ ਲਿਆਉਣ ਦਾ ਮੁਦਈ ਹੈ, ਪਰ ਸਭਿਆਚਾਰਕ ਕ੍ਰਾਂਤੀ ਲਿਆਉਣ ਲਈ ਜੇਕਰ ਅਸੀਂ ਉਨ੍ਹਾਂ ਨੂੰ ਕਮਾਂਡਰ ਇਨ ਚੀਫ ਆਖ ਦੇਈਏ ਤਾਂ ਇਹ ਕੋਈ ਅਲੌਕਿਕ ਗੱਲ ਨਹੀਂ ਹੋਵੇਗੀ ਕਿਉਂਕਿ ਕਲਾਤਮਕ ਤੌਰ ਤੇ ਗੁਰਸ਼ਰਨ ਸਿੰਘ ਨੇ ਪ੍ਰੋਗਰੈਸਿਵ ਲਹਿਰ ਦਾ ਹਮੇਸ਼ਾ ਤੇ ਹਰ ਤਰ੍ਹਾਂ ਨਾਲ ਸਾਥ ਦਿੱਤਾ। ਗੁਰਸ਼ਰਨ ਸਿੰਘ ਦੀ ਨਿਰਣਾਇਕ ਭੂਮਿਕਾ ਇਪਟਾ, ਅੰਮ੍ਰਿਤਸਰ ਨਾਟਕ ਕਲਾ ਕੇਂਦਰ, ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ, ਪੰਜਾਬ ਲੋਕ ਸਭਿਆਚਾਰਕ ਮੰਚ, ਜ਼ਮਹੂਰੀ ਅਧਿਕਾਰ ਸਭਾ, ਜਨ ਸੰਸਕ੍ਰਿਤੀ ਮੰਚ ਭਾਰਤ, ਆਲ ਇੰਡੀਆ ਲੀਗ ਫਾਰ ਕਲਚਰਲ ਸੁਸਾਇਟੀ (AILRC), ਤਰਕਸ਼ੀਲ ਸੁਸਾਇਟੀ, ਭਾਰਤ ਗਿਆਨ ਵਿਗਿਆਨ ਸੰਮਤੀ, ਆਦਿ ਸੰਸਥਾਵਾਂ ਵਿਚ ਦੇਖੀ ਜਾ ਸਕਦੀ ਹੈ। ਇਨ੍ਹਾਂ ਸੰਸਥਾਵਾਂ ਰਾਹੀਂ ਗੁਰਸ਼ਰਨ ਸਿੰਘ ਨੇ ਜਿਥੇ ਸਾਹਿਤ, ਕਲਾ ਅਤੇ ਸਭਿਆਚਾਰ ਦੇ ਵਿਕਾਸ ਲਈ ਕਦਮ ਚੁੱਕੇ ਉੱਥੇ ਆਥਿਕ ਰਾਜਨੀਤਕ ਅਤੇ ਮਨੁੱਖੀ ਹੱਕਾਂ ਲਈ ਅਤੇ ਸਮਾਜਿਕ ਬਰਾਬਰਤਾ ਲਈ ਯੋਗਦਾਨ ਪਾਇਆ ਹੈ। ਉਸਦੇ ਨਾਟਕ ਇਤਿਹਾਸਿਕ ਪ੍ਰਸਥਿਤੀਆਂ ਮੁਤਾਬਿਕ ਹੁੰਦੇ ਹਨ। ਗੁਰਸ਼ਰਨ ਸਿੰਘ ਸੂਬਾ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਮੁਤਾਬਿਕ ਹੀ ਨਾਟਕ ਸਿਰਜਦਾ ਹੈ।

ਗੁਰਸ਼ਰਲ ਸਿੰਘ ਵਿਸ਼ਵ ਵਿਆਪੀ ਵਿਗਿਆਨਕ ਦ੍ਰਿਸ਼ਟੀਕੋਣ ਦਾ ਅਲੰਬਰਦਾਰ ਹੈ। ਉਹਦੇ ਨਾਟਕਾਂ ਵਿਚ ਜਾਤ-ਪਾਤ, ਕੌਮ, ਰੰਗਨਸਲ, ਭਾਸ਼ਾਂ ਤੇ ਧਰਮ ਦੀਆਂ ਫਿਰਕੂ ਲੀਹਾਂ ਖਿਲਾਫ਼ ਸੰਵਾਦ ਮਿਲਦੇ ਹਨ। ਭਾਵੇਂ ਵਿਸ਼ਵ ਯੁੱਧ ਹੋਵੇ ਜਾਂ ਭਾਰਤ ਦੀ 1947 ਦੀ ਫਿਰਕੂ ਵੱਡ, ਵਿਅਤਨਾਮ ਦੇ ਹਮਲੇ ਦਾ ਸੁਆਦ ਹੋਵੇ ਜਾਂ ਕਿਸੇ ਪਸਾਰਵਾਦੀ ਮੁਲਕ ਦਾ, ਕਿਸੇ ਦੇਸ਼ ਤੇ ਜਬਰ ਹਮਲਾ, ਗੁਰਸ਼ਰਨ ਸਿੰਘ ਨੇ ਮਨੁੱਖੀ ਹੱਕਾਂ ਲਈ ਆਪਣੀ ਆਵਾਜ਼ ਨੂੰ ਬਰਕਰਾਰ ਰੱਖਿਆ। ਉਸਨੇ ਸਮਾਜ ਦੇ ਆਰਥਿਕ, ਰਾਜਨੀਤਕ, ਧਾਰਮਿਕ, ਸਭਿਆਚਾਰਕ, ਮਨੋਵਿਗਿਆਨਕ ਅਤੇ ਸਮਾਜਿਕ ਚੌਗਿਰਦੇ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਜਿਸ ਵਿਚ ਭਾਵੇਂ ਹਰਿਮੰਦਰ ਸਾਹਿਬ ਤੇ ਹਮਲਾ ਹੋਵੇ ਜਾਂ ਦਿੱਲੀ ਵਿਚ 84 ਦੇ ਦੰਗੇ ਜਾਂ ਬੱਸਾਂ 'ਚੋਂ ਲਾਹ ਕੇ ਨਿਰਦੋਸ਼ ਲੋਕ ਮਾਰੇ ਜਾਂਦੇ ਹੋਣ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿਚ ਪੰਜਾਬ ਦੀ ਸਮੱਸਿਆ ਨੂੰ ਪੇਸ਼ ਕੀਤਾ। ਬਾਬਾ ਬੋਲਦਾ ਹੈ, ਮੈਂ ਉਗਰਵਾਦੀ ਨਹੀਂ ਹਾਂ, ਹਰ ਇਕ ਨੂੰ ਜਿਊਣ ਦਾ ਹੱਕ ਚਾਹੀਦੈ, ਕਰਫਿਊ, ਚੰਡੀਗੜ੍ਹ ਪੁਆੜੇ ਦੀ ਜੜ੍ਹ, ਕੁਲਾਜ਼-ਤੇਰਾ ਨਾਂ ਪੰਜਾਬ, ਆਦਿ ਨਾਟਕ ਪੰਜਾਬ ਸਮੱਸਿਆ ਤੇ ਪੰਜਾਬ ਦੇ ਹਾਲਾਤਾਂ ਨਾਲ ਸੰਬੰਧਤ ਹਨ। ਗੁਰਸ਼ਰਨ ਸਿੰਘ ਇਕ ਸੰਸਥਾ ਹੈ ਜਿਸਨੇ ਸਾਹਿਤ ਦਾ ਪ੍ਰਚਾਰ ਵੀ ਕੀਤਾ ਅਤੇ ਕਲਾ ਤੇ ਸਭਿਆਚਾਰ ਦਾ ਪ੍ਰਸਾਰ ਵੀ। ਦੇਸ਼ ਵਿਦੇਸ਼ 'ਚੋਂ ਸਨਮਾਨ ਵੀ ਮਿਲੇ। "A world to win" ਅੰਤਰ-ਰਾਸ਼ਟਰੀ ਪਰਚੇ ਵਲੋਂ ਜਦੋਂ ਸਨਮਾਨ ਮਿਲਿਆ ਤਾਂ ਗੁਰਸ਼ਰਨ ਸਿੰਘ ਨੇ ਇਸਨੂੰ ਕਿਸੇ ਨੋਬਲ ਇਨਾਮ ਤੋਂ ਵੀ ਵੱਡਾ ਇਨਾਮ ਮੰਨਦਿਆਂ ਅਥਾਹ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਇਸ ਧਰਤੀ ਤੇ 80 ਕਿਰਤ ਕਰਨ ਵਾਲੇ ਲੋਕਾਂ ਦਾ ਇਨਾਮ ਹੈ। ਸਫ਼ਦਰ ਹਾਸ਼ਮੀ ਦੇ ਸ਼ਬਦ ਗੁਰਸ਼ਰਨ ਸਿੰਘ ਦਾ ਨਾਅਰਾ ਹੈ ਕਿ "ਲੋਕ ਜੇਕਰ ਥੀਏਟਰ ਤਕ ਨਹੀਂ

ਪਹੁੰਚਦੇ ਤਾਂ ਥੀਏਟਰ ਨੂੰ ਲੋਕਾਂ ਤਕ ਪਹੁੰਚਾਉਣਾ ਚਾਹੀਦਾ ਹੈ।" ਗੁਰਸ਼ਰਨ ਸਿੰਘ ਦਾ ਮੰਚਨ ਵਲੋਂ ਸਨਮਾਨ , ਇਕ ਸਭਿਆਚਾਰਕ ਕਾਫ਼ਲੇ ਦਾ, ਪ੍ਰੋਗਰੈਸਿਵ ਲਹਿਰ ਦਾ ਤੇ ਲੋਕਾਂ ਦਾ ਸਨਮਾਨ ਹੈ। ਹੱਡਬੀਤੀਆਂ, ਜੱਗਬੀਤੀਆਂ ਪੇਸ਼ ਕਰਨ ਵਾਲੇ ਨਾਟਕਕਾਰ ਨੂੰ ਇੰਝ ਸਨਮਾਨਿਆਂ ਜਾਣਾ, ਅਜੋਕੇ ਸਮੇਂ ਦਾ ਸਨਮਾਨ ਹੈ।

ਪੰਜਾਬੀ ਦੇ ਨਾਟਕਕਾਰਾਂ ਅਤੇ ਨਿਰਦੇਸ਼ਕਾਂ ਵਿਚ ਗੁਰਸ਼ਰਨ ਸਿੰਘ ਦਾ ਨਾਂ ਵਿਲੱਖਣ ਹੈ। ਅਨੇਕਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਡਰਾਮੇ ਖੇਡ ਕੇ ਉਹਨਾਂ ਨੇ ਪੰਜਾਬੀ ਸਭਿਆਚਾਰ ਅਤੇ ਵਿਸ਼ੇਸ਼ ਕਰਕੇ ਨਾਟਕ ਦੇ ਖੇਤਰ ਵਿਚ ਇਕ ਵਿਸ਼ੇਸ਼ ਤਬਦੀਲੀ ਲਿਆਂਦੀ ਹੈ। ਉਹ ਨਾਟਕ ਨੂੰ ਪਿੰਡਾਂ ਵਿਚ ਉਹਨਾਂ ਲੋਕਾਂ ਤਕ ਲੈ ਗਏ ਜਿਨ੍ਹਾਂ ਨੇ ਜ਼ਿੰਦਗੀ ਵਿਚ ਸੰਜੀਦਾ ਨਾਟਕ ਦੇਖਣ ਦਾ ਕਦੇ ਸੁਪਨਾ ਵੀ ਨਹੀਂ ਲਿਆ ਸੀ। ਵਿਸ਼ੇ, ਸ਼ੈਲੀ ਅਤੇ ਸਟੇਜ-ਸੈਟਿੰਗ ਦੀ ਸਰਲਤਾ ਉਹਨਾਂ ਦੇ ਡਰਾਮਿਆਂ ਦਾ ਵਿਸ਼ੇਸ਼ ਲੱਛਣ ਹੈ। ਅਦਾਕਾਰੀ ਵਿਚ ਜਜ਼ਬੇ ਦੀ ਸ਼ਿੱਦਤ ਦਰਸ਼ਕਾਂ ਦੇ ਮਨਾਂ ਉੱਤੇ ਅਮਿੱਟ ਪ੍ਰਭਾਵ ਛੱਡ ਜਾਂਦੀ ਹੈ। ਪਰ ਸਭ ਤੋਂ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਉਹ ਦੱਬੇ-ਕੁਚਲੇ ਅਤੇ ਸਾਧਾਰਨ ਲੋਕਾਂ ਲਈ ਡਰਾਮੇ ਲਿਖਦੇ ਅਤੇ ਖੇਡਦੇ ਹਨ। ਉਹਨਾਂ ਦੇ ਨਾਟਕ ਰਾਜਸੀ ਅਤੇ ਆਰਥਕ ਬੇਇਨਸਾਫ਼ੀ ਵਿਰੁਧ ਜ਼ੋਰਦਾਰ ਆਵਾਜ਼ ਉਠਾਉਂਦੇ ਹਨ। ਮਾਰਕਸਵਾਦ, ਇਤਿਹਾਸ ਅਤੇ ਧਰਮ ਉਹਨਾਂ ਦੇ ਨਾਟਕਾਂ ਵਿਚ ਇਕ ਵਿਸ਼ੇਸ਼ ਢੰਗ ਨਾਲ ਘੁਲੇ-ਮਿਲੇ ਹੁੰਦੇ ਹਨ। ਸਫ਼ਲ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਹੋਣ ਤੋਂ ਇਲਾਵਾ ਉਹ ਉੱਚ-ਕੋਟੀ ਦੇ ਅਦਾਕਾਰ ਹਨ। ਸਫਲ-ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਹੋਣ ਤੋਂ ਇਲਾਵਾ ਉਹ ਉੱਚ-ਕੋਟੀ ਦੇ ਅਦਾਕਾਰ ਹਨ। ਕਿਸੇ ਡਰਾਮੇ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਫੈਸਲਾ ਕਰਨ ਲਈ ਦਰਸ਼ਕ ਹੀ ਅੰਤਿਮ ਜੱਜ ਹੁੰਦੇ ਹਨ (ਨਾਟਕ ਦੇ ਬਹੁਗਿਣਤੀ ਅਲੋਚਕ ਇਸ ਰਾਏ ਨਾਲ ਸਹਿਮਤ ਹਨ)। ਉਹਨਾਂ ਦੇ ਨਾਟਕਾਂ ਦੇ ਲੋਕਾਂ ਵਿਚ ਜਿੰਨੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ,ਉਸ ਬਾਰੇ ਕੋਈ ਦੋ ਰਾਵਾਂ ਨਹੀਂ। ਇਹ ਲੋਕ-ਪਿਆਰ ਉਹਨਾਂ ਨੂੰ ਦਰਸ਼ਕ ਵਲੋਂ ਮਿਲੇ ਪ੍ਰਤਿਕਰਮ ਅਤੇ ਸਤਿਕਾਰ ਦਾ ਹੀ ਸਬੂਤ ਹੈ।

***ਅਜਮੇਰ ਰੋਡੇ***